# ਵਿਹਾਰ ਦੀਆਂ ਕਠਿਨਾਈਆਂ: ਬੱਚੇ ਦਾ ਪਰਿਪੇਖ

ਮੈਂ ਜਦੋਂ ਚੰਗਾ ਬਣਨ ਦੀ ਵੀ ਕੋਸ਼ਿਸ਼ ਕਰਦਾ ਹਾਂ, ਉਹ ਨਹੀਂ ਸਮਝਦੀ ਕਿ ਮੈਂ ਚੰਗਾ ਹਾਂ।

ਕਿਉਂ ਮੇਰੇ ਨਾਲ ਹਮੇਸ਼ਾ ਇੰਜ ਹੁੰਦਾ ਹੈ? ਮੇਰਾ ਕੋਈ ਗ਼ਲਤੀ ਕਰਨ ਦਾ ਇਰਾਦਾ ਨਹੀਂ ਹੁੰਦਾ।

ਮੈਨੂੰ ਇਕ ਨਵੀਂ ਮੰਮੀ ਚਾਹੀਦੀ ਹੈ - ਇਕ ਜ਼ਿਆਦਾ ਚੰਗੀ ਮੰਮੀ।

ਸ਼ਰਾਰਤੀ ਹੋਣ ਵਿਚ ਜ਼ਿਆਦਾ ਮਜ਼ਾ ਹੈ - ਹਰ ਵੇਲੇ ਚੰਗਾ ਬਣਨਾ ਬੜਾ ਔਖਾ ਹੈ।

ਜੇ ਉਹ ਮੈਨੂੰ ਨਾਂਹ ਕਰ ਸਕਦੀ ਹੈ, ਤਾਂ ਮੈਨੂੰ ਵੀ ਉਹ ਕੁਝ ਕਰਨ ਦੀ ਲੋੜ ਨਹੀਂ ਜੋ ਉਹ ਚਾਹੁੰਦੀ ਹੈ।

ਜੇ ਡੈਡੀ ਮੰਮੀ ਨੂੰ ਉੱਚਾ ਬੋਲ ਸਕਦਾ ਹੈ, ਤਾਂ ਮੈਂ ਕਿਉਂ ਨਹੀਂ?

ਕੋਈ ਮੈਨੂੰ ਪਿਆਰ ਨਹੀਂ ਕਰਦਾ। ਉਹ ਖ਼ੁਸ਼ ਹੁੰਦੇ ਜੇ ਮੈਂ ਪੈਦਾ ਹੀ ਨਾਂਹ ਹੁੰਦਾ - ਪਰ ਇਹ ਮੇਰਾ ਕਸੂਰ ਨਹੀਂ।

ਉਹ ਮੈਨੂੰ ਏਨਾ ਪਰੇਸ਼ਾਨ ਕਰਦੇ ਹਨ ਕਿ ਮੈਂ ਉਨ੍ਹਾਂ ਵਲ ਵੇਖਾਂਗਾ ਵੀ ਨਹੀਂ।

ਜਦੋਂ ਦਾ ਨਿੱਕਾ ਬਾਲ ਆਇਆ ਹੈ, ਕੋਈ ਨਹੀਂ ਸਮਝਦਾ ਕਿ ਮੈਂ ਹੁਣ ਵੀ ਸਭ ਤੋਂ ਚੰਗਾ ਹਾਂ।

ਮੈਂ ਆਪਣਾ ਖ਼ਿਆਲ ਰਖ ਸਕਦਾ ਹਾਂ। ਮੈਨੂੰ ਮੰਮੀ ਡੈਡੀ ਦੀ ਲੋੜ ਨਹੀਂ।

ਮਾਂ ਮੇਰੇ ਨਾਲੋਂ ਉਹਨੂੰ ਜ਼ਿਆਦਾ ਪਿਆਰ ਕਰਦੀ ਹੈ।

ਮੈਂ ਕਿਉਂ ਮਾਫ਼ੀ ਮੰਗਾਂ? ਗਲ ਤਾਂ ਉਨ੍ਹਾਂ ਨੇ ਸ਼ੁਰੂ ਕੀਤੀ ਸੀ।

ਮੰਮੀ ਮੈਂ ਸੌਣਾ ਚਾਹੁੰਦਾ ਹਾਂ, ਪਰ ਮੈਨੂੰ ਜਿੰਨਾਂ ਤੋਂ ਡਰ ਲਗਦਾ ਹੈ।

ਜੇ ਮੈਂ ਚੀਕਾਂ ਮਾਰਦਾ ਰਹਾਂ, ਤਾਂ ਉਹ ਇਕ ਮਿੰਟ ਵਿਚ ਹਾਰ ਮੰਨ ਲਏਗਾ।



ਅਸਲ ਵਿਚ ਮੈਂ ਸ਼ਰਾਰਤੀ ਨਹੀਂ ਬਣਨਾ ਚਾਹੁੰਦਾ, ਪਰ ਜਦੋਂ ਮੈਂ ਚੰਗਾ ਹੁੰਦਾ ਹਾਂ, ਕੋਈ ਮੇਰੇ ਵਲ ਧਿਆਨ ਨਹੀਂ ਦਿੰਦਾ।

ਮੈਂ ਅੱਜ ਇਹ ਕਿਉਂ ਨਹੀਂ ਕਰ ਸਕਦਾ?

ਡੈਡੀ ਨੇ ਕੱਲ ਮੈਨੂੰ ਅਜਿਹਾ ਕਰਨ ਦਿਤਾ ਸੀ।

ਮੈਂ ਅਜਿਹਾ ਕਿਉਂ ਕਰ ਰਿਹਾ ਹਾਂ, ਉਹ ਇਸਨੂੰ ਸੁਣਨ ਸਮਝਣ ਲਈ ਤਿਆਰ ਹੀ ਨਹੀਂ।